ਤੁਰੰਤ ਰਿਲੀਜ਼ ਕਰਨ ਲਈ
ਪ੍ਰੀਮੀਅਰ ਦਾ ਔਫਿਸ
13 ਅਪਰੈਲ, 2021

# ਵਿਸਾਖੀ ਦੇ ਮੌਕੇ ਤੇ ਪ੍ਰੀਮੀਅਰ ਹੌਰਗਨ ਦਾ ਬਿਆਨ

ਵਿਕਟੋਰੀਆ- ਵਿਸਾਖੀ ਦੇ ਮੌਕੇ ਤੇ ਪ੍ਰੀਮੀਅਰ ਜੌਨ ਹੌਰਗਨ ਨੇ ਹੇਠ ਦਿੱਤਾ ਬਿਆਨ ਜਾਰੀ ਕੀਤਾ ਹੈ:

"ਬੀਸੀ ਅਤੇ ਪੂਰੀ ਦੁਨੀਆ ਵਿਚ ਲੋਕ ਵਿਸਾਖੀ ਦਾ ਦਿਨ ਮਨਾ ਰਹੇ ਹਨ, ਜਿਹੜਾ ਕਿ ਸਿੱਖਾਂ ਦੇ ਸਭ ਤੋਂ ਪਵਿੱਤਰ ਦਿਨਾਂ ਵਿਚੋਂ ਇਕ ਹੈ।

"ਸਿੱਖ ਵਿਸਾਖੀ ਨੂੰ ਖਾਲਸੇ ਦੇ ਸਾਜਨਾ ਦੇ ਦਿਵਸ ਵਜੋਂ ਮਨਾਉਂਦੇ ਹਨ, ਜਿਹੜੀ ਕਿ 300 ਸਾਲ ਤੋਂ ਵੀ ਵੱਧ ਸਮਾਂ ਪਹਿਲਾਂ ਹੋਈ ਸੀ।

"ਆਮ ਤੌਰ ਤੇ ਵਿਸਾਖੀ ਗੁਰਦੁਆਰਿਆਂ ਵਿਚ ਮਨਾਈ ਜਾਂਦੀ ਹੈ, ਸੰਗਤ ਇਕੱਠੀ ਹੁੰਦੀ ਹੈ ਅਤੇ ਨਗਰ ਕੀਰਤਨ ਹੁੰਦੇ ਹਨ, ਜਿਸ ਵਿਚ ਦੋਸਤ ਅਤੇ ਪਰਿਵਾਰ ਇਕੱਠੇ ਸ਼ਾਮਲ ਹੁੰਦੇ ਹਨ। ਇੰਡੀਆ ਤੋਂ ਬਾਹਰ ਬੀਸੀ ਸਿੱਖਾਂ ਦਾ ਸਭ ਤੋਂ ਵੱਡਾ ਘਰ ਹੈ ਅਤੇ ਮੈਨੂੰ ਹਮੇਸ਼ਾ ਪ੍ਰੌਵਿੰਸ ਵਿਚ ਇਸ ਮੌਕੇ ਹੋਣ ਵਾਲੇ ਸਮਾਗਮਾਂ ਵਿਚ ਸ਼ਾਮਲ ਹੋਣ ਦੀ ਇੱਛਾ ਰਹਿੰਦੀ ਹੈ।

"ਇਸ ਸਾਲ ਫੇਰ ਸਾਨੂੰ ਭਾਵੇਂ ਸੁਰੱਖਿਅਤ ਰਹਿਣ ਲਈ ਦੂਰ ਰਹਿਣ ਦੀ ਲੋੜ ਹੈ, ਪਰ ਅੱਗੇ ਚੰਗੇ ਦਿਨ ਵੀ ਆਉਣਗੇ। ਉਦੋਂ ਤੱਕ ਆਪਣੇ ਦੋਸਤਾਂ, ਪਰਿਵਾਰਾਂ ਅਤੇ ਗਵਾਂਢੀਆਂ ਨਾਲ ਸੰਪਰਕ ਬਣਾਓ। ਆਪਣੇ ਕਰੀਬੀਆਂ ਨਾਲ ਵੀਡੀਓ ਚੈਟ ਜਾਂ ਫੋਨ ਰਾਹੀਂ ਗੱਲ ਕਰੋ, 'ਵਰਚੂਅਲ ਵਿਸਾਖੀ' ਇਵੈਂਟ ਵਿਚ ਸ਼ਾਮਲ ਹੋਵੋ, ਜਾਂ ਆਪਣੇ ਛੋਟੇ ਗਰੁੱਪ ਨਾਲ ਆਊਟਡੋਰ ਸੁਰੱਖਿਅਤ ਤਰੀਕੇ ਨਾਲ ਮਨਾਓ।

"ਇਹ ਮੁਸ਼ਕਲ ਸਮਾਂ ਹੈ, ਪਰ ਕਰੁਣਾ ਅਤੇ ਸੇਵਾ ਦੀਆਂ ਕਦਰਾਂ ਕੀਮਤਾਂ ਸਿੱਖ ਕਮਿਊਨਿਟੀ ਦਾ ਧੁਰਾ ਹਨ ਅਤੇ ਇਸ ਨੂੰ ਲਗਾਤਾਰ ਤਾਕਤ ਦਿੰਦੀਆਂ ਰਹਿਣਗੀਆਂ।

" ਜੋ ਵਿਸਾਖੀ ਮਨਾ ਰਹੇ ਹਨ, ਉਨ੍ਹਾਂ ਸਭ ਨੂੰ ਬ੍ਰਿਟਿਸ਼ ਕੋਲੰਬੀਆਂ ਸਰਕਾਰ ਦੀ ਤਰਫੋਂ: " ਵਿਸਾਖੀ ਦੀਆਂ ਮੁਬਾਰਕਾਂ"

"ਵਿਸਾਖੀ ਦੀਆਂ ਲੱਖ ਲੱਖ ਵਧਾਈਆਂ!"

**ਸੰਪਰਕ:**

**Lindsay Byers**
ਪ੍ਰੈਸ ਸੈਕਰੇਟਰੀ
ਡੈਪੁਟੀ ਕਮਿਊਨਿਕੇਸ਼ਨਜ਼ ਡਾਇਰੈਕਟਰ
ਪ੍ਰੀਮੀਅਰ ਦਾ ਔਫਿਸ
Lindsay.Byers@gov.bc.ca